# 15th round of Foreign Office Consultations between India and Singapore

August 11, 2021

……………………………………………………………………………………………………

## ਭਾਰਤ ਅਤੇ ਸਿੰਗਾਪੁਰ ਦੇ ਵਿਦੇਸ਼ ਦਫ਼ਤਰਾਂ ਵਿਚਾਲੇ ਸਲਾਹ ਮਸ਼ਵਰੇ ਦਾ 15ਵਾਂ ਗੇੜ

11 ਅਗਸਤ, 2021

1. ਭਾਰਤ ਅਤੇ ਸਿੰਗਾਪੁਰ ਦੇ ਵਿਦੇਸ਼ ਦਫਤਰਾਂ ਵਿਚਾਲੇ 15ਵੇਂ ਸਲਾਹ-ਮਸ਼ਵਰੇ ਵਰਚੁਅਲ ਮਾਧਿਅਮ ਰਾਹੀਂ 11, ਅਗਸਤ 2021 ਨੂੰ ਹੋਏ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੂਰਬ) ਸ੍ਰੀਮਤੀ ਰੀਵਾ ਗਾਂਗੁਲੀ ਦਾਸ ਅਤੇ ਸਿੰਗਾਪੁਰ ਦੇ ਵਫ਼ਦ ਦੀ ਅਗਵਾਈ ਸਿੰਗਾਪੁਰ ਦੇ ਵਿਦੇਸ਼ ਮੰਤਰਾਲੇ ਦੇ ਸਥਾਈ ਸਕੱਤਰ ਸ਼੍ਰੀ ਚੀ. ਵੀ. ਕਿਉਂਗ ਨੇ ਕੀਤੀ।

2. ਦੋਹਾਂ ਪੱਖਾਂ ਨੇ ਦੁਵੱਲੇ ਸਬੰਧਾਂ ਦੇ ਸਾਰੇ ਰੂਪਾਂ ਦੀ ਸਮੀਖਿਆ ਕੀਤੀ ਅਤੇ ਇਸ ਗੱਲ 'ਤੇ ਸੰਤੁਸ਼ਟੀ ਜ਼ਾਹਰ ਕੀਤੀ ਕਿ ਮਹਾਂਮਾਰੀ ਦੇ ਬਾਵਜੂਦ ਦੁਵੱਲੇ ਸਬੰਧਾਂ ਵਿੱਚ, ਖਾਸ ਤੌਰ 'ਤੇ ਵਪਾਰ ਅਤੇ ਰੱਖਿਆ ਸਹਿਯੋਗ, ਦੇ ਮਾਮਲੇ 'ਚ ਕਾਫ਼ੀ ਗਹਿਰਾਈ ਆਈ ਹੈ। ਵਫ਼ਦ ਨੇ ਦੋਵਾਂ ਦੇਸ਼ਾਂ ਦਰਮਿਆਨ ਆਰਥਿਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ। ਯਾਤਰਾ ਸਬੰਧੀ ਪਾਬੰਦੀਆਂ ਨੂੰ ਹਟਾਉਣ ਅਤੇ ਲੋਕ ਪੱਧਰੀ ਸੰਪਰਕ ਨੂੰ ਮੁੜ ਸ਼ੁਰੂ ਕਰਨ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਸਕੱਤਰ (ਪੂਰਬ) ਨੇ ਦੂਜੀ COVID ਲਹਿਰ ਦੌਰਾਨ ਸਿੰਗਾਪੁਰ ਵੱਲੋਂ ਕੀਤੀ ਗਈ ਹਮਾਇਤ ਲਈ ਉਸਦਾ ਧੰਨਵਾਦ ਕੀਤਾ।

3. ਆਸੀਆਨ-ਭਾਰਤ ਸਬੰਧਾਂ ਅਤੇ ਹਿੰਦ-ਪ੍ਰਸ਼ਾਂਤ ਵਿੱਚ ਭਾਰਤ-ਸਿੰਗਾਪੁਰ ਸਹਿਯੋਗ ਨਾਲ ਜੁੜੇ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਸਿੰਗਾਪੁਰ ਨੇ ਆਸੀਆਨ ਵਿੱਚ ਤਿੰਨ ਸਾਲਾਂ (2021-2024) ਲਈ ਭਾਰਤ ਦੇ ਕੰਟਰੀ ਕੋਆਰਡੀਨੇਟਰ ਵਜੋਂ ਕਾਰਜਭਾਰ ਸੰਭਾਲਿਆ ਹੈ। ਇਸ ਖੇਤਰ ਨਾਲ ਸਬੰਧਤ ਆਲਮੀ ਅਤੇ ਰਣਨੀਤਕ ਮੁੱਦਿਆਂ 'ਤੇ ਵਿਚਾਰ - ਵਟਾਂਦਰੇ ਕੀਤੇ ਗਏ।

4. ਗੱਲਬਾਤ ਦੋਸਤਾਨਾ ਅਤੇ ਸਦਭਾਵਪੂਰਨ ਮਾਹੌਲ ਵਿੱਚ ਹੋਈ। ਦੋਵੇਂ ਪੱਖ ਅਗਲਾ ਸਲਾਹ -ਮਸ਼ਵਰਾ ਆਪਸੀ ਸਹੂਲਤ ਦੇ ਸਮੇਂ 'ਤੇ ਕਰਾਉਣ ਉੱਤੇ ਸਹਿਮਤ ਹੋਏ।

ਨਵੀਂ ਦਿੱਲੀ
11 ਅਗਸਤ, 2021

DISCLAIMER: This is an approximate translation. The original is available in English on MEA's website and may be referred to as the official press release.